ਮੰਨਜ਼ੂਰੀ ਨੰ: 13/2020-21

ਪੰਜਾਬ ਸਰਕਾਰ
ਯੋਜਨਾਬੰਦੀ ਵਿਭਾਗ
(ਸਥਾਨਕ ਯੋਜਨਾ ਸ਼ਾਖਾ)

ਸੇਵਾ ਵਿਖੇ

ਡਿਪਟੀ ਕਮਿਸ਼ਨਰ
ਰੋਪੜ ।

ਮੀਮੋ ਨੰ 10-ਪਸਪਬ-ਡ.ਡ(ਸਯ)2020-21/ 2919
ਮਿਤੀ: 21/7/2020

ਵਿਸ਼ਾ:- **ਸਕੀਮ ਪੀ.ਐਮ.-10 "ਸਟੇਟ ਲੈਵਲ ਇਨੀਸੀਏਟਿਵਜ਼ (ਪੰਜਾਬ ਨਿਰਮਾਣ ਪ੍ਰੋਗਰਾਮ)" ਅਧੀਨ ਸਾਲ 2020-21 ਦੌਰਾਨ ਜ਼ਿਲ੍ਹਾ ਰੋਪੜ ਦੇ ਵਿਕਾਸ ਕਾਰਜਾਂ ਲਈ 10.00 ਲੱਖ ਰੁਪਏ ਦੀ ਰਾਸ਼ੀ ਜਾਰੀ ਕਰਨ ਬਾਰੇ।**

ਰਾਜਪਾਲ, ਪੰਜਾਬ ਜੀ ਸਕੀਮ ਪੀ.ਐਮ 10"ਸਟੇਟ ਲੈਵਲ ਇਨੀਸ਼ੀਏਟਿਵਜ (ਪੰਜਾਬ ਨਿਰਮਾਣ ਪ੍ਰੋਗਰਾਮ)" ਅਧੀਨ ਸਾਲ 2020-21 ਦੌਰਾਨ ਪਿੰਡ ਲਾਲਪੁਰ, ਬਲਾਕ ਨੂਰਪੁਰ ਬੇਦੀ, ਜ਼ਿਲ੍ਹਾ ਰੋਪੜ ਵਿਖੇ 150 ਮੀਟਰ ਡੂੰਘਾ ਟਿਊਬਵੈਲ ਲਗਾਉਣ ਲਈ 10.00 ਲੱਖ ਰੁਪਏ (ਕੇਵਲ ਦੱਸ ਲੱਖ ਰੁਪਏ) ਦੀ ਰਾਸ਼ੀ ਸਮੇਤ ਸਪੈਸ਼ਲ ਕੰਪੋਨੈਂਟ ਪਲਾਨ ਜਾਰੀ ਕਰਨ ਸਬੰਧੀ ਪ੍ਰਸੰਨਤਾ ਪੂਰਵਕ ਪ੍ਰਵਾਨਗੀ ਦਿੰਦੇ ਹਨ:-

ਜ਼ਿਲ੍ਹਾ : ਰੋਪੜ (ਰਾਸ਼ੀ ਲੱਖਾਂ ਵਿੱਚ)

| ਲੜੀ ਨੰ: | ਸੰਸਥਾ ਦਾ ਨਾਂ | ਕਾਰਜਕਾਰੀ ਏਜੰਸੀ | ਮੰਤਵ | ਮੰਗ ਨੰ: 19, ਮੁੱਖ ਮੱਦ 5475-ਹੋਰ ਆਮ ਆਰਥਿਕ ਸੇਵਾਵਾਂ ਅਤੇ ਪੂੰਜੀਗਤ ਲਾਗਤ | | ਕੁੱਲ ਜੋੜ (5+6) |
|---|---|---|---|---|---|---|
| | | | | 112 ਅੰਕੜੇ-06.00- 53 ਮੇਜਰ ਵਰਕਸ (VT) | 789-ਅਨੁਸੂਚਿਤ ਜਾਤੀਆਂ ਲਈ ਸਪੈਸ਼ਲ ਕੰਪੋਨੈਂਟ ਪਲਾਨ - 03.00-53 ਮੇਜਰ ਵਰਕਸ (VT) | |
| 1 | 2 | 3 | 4 | 5 | 6 | 7 |
| 1 | ਡਿਪਟੀ ਕਮਿਸ਼ਨਰ ਰੋਪੜ | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਮੰਡਲ, ਸ੍ਰੀ ਆਨੰਦਪੁਰ ਸਾਹਿਬ | ਪਿੰਡ ਲਾਲਪੁਰ, ਬਲਾਕ ਨੂਰਪੁਰ ਬੇਦੀ, ਜਿਲ੍ਹਾ ਰੋਪੜ ਲਈ 150 ਮੀਟਰ ਡੂੰਘਾ ਟਿਊਬਵੈਲ ਲਗਾਉਣ ਲਈ | 6.80 | 3.20 | 10.00 |
| | | | **ਕੁੱਲ ਜੋੜ** | **6.80** | **3.20** | **10.00** |

2. ਇਹ ਰਾਸ਼ੀ ਵਿੱਤ ਵਿਭਾਗ ਦੇ ਅੰ.ਵਿ.ਪੱ.ਨੰ: Misc/6/2020/IFE6/1/28187/2020 ਮਿਤੀ 26-05-2020 ਅਤੇ ਅੰ.ਵਿ.ਪੱ.ਨੰ: Misc/6/2020/IFE6/1/36467/2020 ਮਿਤੀ 17-06-2020 ਦੀ ਪ੍ਰਵਾਨਗੀ ਅਨੁਸਾਰ ਜਾਰੀ ਕੀਤੀ ਜਾ ਰਹੀ ਹੈ।

3. ਇਹ ਮੰਨਜ਼ੂਰੀ ਹੇਠ ਦਰਸਾਈਆਂ ਸ਼ਰਤਾਂ ਅਨੁਸਾਰ ਜਾਰੀ ਕੀਤੀ ਜਾਂਦੀ ਹੈ:-

ੳ) ਇਹ ਖਰਚਾ ਸਾਲ 2020-21 ਦੌਰਾਨ ਯੋਜਨਾਬੰਦੀ ਦੀ ਮੰਗ ਨੰ:19, ਦੀ ਮੁੱਖ ਮੱਦ '5475-ਹੋਰ ਆਮ ਆਰਥਿਕ ਸੇਵਾਵਾਂ ਅਤੇ ਪੂੰਜੀਗਤ ਲਾਗਤ 112 ਅੰਕੜੇ-ਐਸ.ਓ.ਈ 06.00-53 ਮੇਜਰ ਵਰਕਸ (ਵੀਟੀ) (4760 ਲੱਖ ਰੁਪਏ), 789-ਅਨੁਸੂਚਿਤ ਜਾਤੀਆਂ ਲਈ ਸਪੈਸ਼ਲ ਕੰਪੋਨੈਂਟ ਪਲਾਨ -ਐਸ.ਓ.ਈ 03.00-53 ਮੇਜਰ ਵਰਕਸ (ਵੀਟੀ) (2240

ਲੱਖ ਰੁਪਏ) ਸਕੀਮ ਪੀ.ਐਮ 10 'ਸਟੇਟ ਲੈਵਲ ਇਨੀਸ਼ੀਏਟਿਵਜ਼ (ਪੰਜਾਬ ਨਿਰਮਾਣ ਪ੍ਰੋਗਰਾਮ),' ਅਧੀਨ ਕੀਤਾ ਜਾਵੇਗਾ।

ਅ) ਇਹ ਖਰਚਾ ਪੰਜਾਬ ਨਿਰਮਾਣ ਪ੍ਰੋਗਰਾਮ ਤਹਿਤ ਫੰਡਾਂ ਦੀ ਵਰਤੋ ਸਬੰਧੀ ਮਿਤੀ 11/01/2006 ਅਤੇ ਸਮੇ ਸਮੇ ਜਾਰੀ ਕੀਤੀਆਂ ਅਗਵਾਈ ਲੀਹਾਂ ਅਨੁਸਾਰ ਕੀਤਾ ਜਾਵੇਗਾ।

ੲ) ਇਹ ਖਰਚਾ ਸੈਕਸ਼ਨ ਵਿੱਚ ਦਰਜ ਕੰਮਾਂ ਅਤੇ ਵਿੱਤ ਅਤੇ ਯੋਜਨਾ ਮੰਤਰੀ, ਪੰਜਾਬ ਜੀ ਨੂੰ ਭੇਜੇ ਤਖਮੀਨੇ ਅਤੇ ਵਿਕਾਸ ਕਾਰਜ਼ਾਂ ਦੀ ਡਿਟੇਲ ਅਨੁਸਾਰ ਹੀ ਕੀਤਾ ਜਾਵੇਗਾ। ਜੇਕਰ ਇਹਨਾਂ ਕਾਰਜਾਂ ਵਿੱਚ ਲੋੜੀਂਦੀ ਸੋਧ ਕਰਵਾਉਣੀ ਹੋਵੇ ਤਾਂ ਵਿੱਤ ਅਤੇ ਯੋਜਨਾ ਮੰਤਰੀ ਪੰਜਾਬ ਜੀ ਰਾਹੀਂ ਪਹੁੰਚ ਕੀਤੀ ਜਾਵੇ।

(ਸ) ਕੀਤੇ ਜਾਣ ਵਾਲੇ ਕੰਮਾਂ ਦੀ ਪ੍ਰਗਤੀ ਰਿਪੋਰਟ ਅਤੇ ਵਰਤੋ ਸਰਟੀਫਿਕੇਟ ਸਬੰਧਤ ਡਿਪਟੀ ਕਮਿਸ਼ਨਰ ਵਲੋ ਮੁਹੱਈਆ ਕਰਵਾਏ ਜਾਣਗੇ।

(ਹ) ਡਿਪਟੀ ਕਮਿਸ਼ਨਰ ਜਾਰੀ ਕੀਤੇ ਫੰਡਾਂ ਅਤੇ ਇਨ੍ਹਾਂ ਦੀ ਵਰਤੋ ਬਾਰੇ ਪੂਰਾ ਅਤੇ ਠੀਕ ਰਿਕਾਰਡ ਰੱਖਣ ਲਈ ਜਿੰਮੇਵਾਰ ਹੋਣਗੇ।

(ਕ) ਜਿਥੇ ਜ਼ਰੂਰੀ ਹੋਵੇ, ਰਾਸ਼ੀ ਜਾਰੀ ਕਰਨ ਤੋ ਪਹਿਲਾਂ ਲਾਗਤ ਦੇ ਤਖਮੀਨੇ ਅਧਿਕਾਰਤ ਅਥਾਰਟੀ ਤੋ ਪ੍ਰਵਾਨ ਕਰਵਾਏ ਜਾਣ।

(ਖ) ਖਰਚੇ ਨੂੰ ਮਹਾਂ ਲੇਖਾਕਾਰ, ਪੰਜਾਬ ਦੇ ਦਫਤਰ ਨਾਲ ਮਿਲਾਨ ਕਰਵਾਉਣਾ ਯਕੀਨੀ ਬਣਾਇਆ ਜਾਵੇ।

(ਗ) ਸਬੰਧਤ ਏਜੰਸੀ ਵੱਲੋਂ ਇਸ ਰਾਸ਼ੀ ਦੇ ਡੀ.ਸੀ.ਬਿਲ ਏ.ਜੀ.ਪੰਜਾਬ ਨੂੰ ਸਮੇ ਸਿਰ ਭੇਜਣੇ ਯਕੀਨੀ ਬਣਾਏ ਜਾਣ ਅਤੇ ਇਸ ਦੀ ਸੂਚਨਾ ਯੋਜਨਾਬੰਦੀ ਵਿਭਾਗ ਨੂੰ ਵੀ ਭੇਜੀ ਜਾਵੇ।

ਜਸਪਾਲ ਸਿੰਘ
ਪ੍ਰਮੁੱਖ ਸਕੱਤਰ ਯੋਜਨਾ

ਮਿਤੀ: 20-7-2020

ਪਿੱਠ ਅੰਕਣ ਨੰ:10-ਪਸਪਬ-ਡ.ਡ(ਸ਼ਜ)2020-21/ 2920 ਮਿਤੀ: 21/7/2020

ਇਸ ਦਾ ਇਕ ਉਤਾਰਾ ਸਕੱਤਰ/ਵਿੱਤ ਤੇ ਯੋਜਨਾ ਮੰਤਰੀ, ਪੰਜਾਬ ਨੂੰ ਉਨ੍ਹਾਂ ਦੇ ਡਿਸਪੈਚ ਨੰ:485 ਮਿਤੀ 15-07-2020 ਦੇ ਸਬੰਧ ਵਿੱਚ ਵਿੱਤ ਅਤੇ ਯੋਜਨਾ ਮੰਤਰੀ, ਪੰਜਾਬ ਜੀ ਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ ਯੋਜਨਾ

ਪਿੱਠ ਅੰਕਣ ਨੰ:10-ਪਸਪਬ-ਡ.ਡ(ਸ਼ਜ)2020-21/ 2921 ਮਿਤੀ: 21/7/2020

ਇਸ ਦਾ ਇਕ ਉਤਾਰਾ ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ ਜੀ ਨੂੰ ਮੁੱਖ ਮੰਤਰੀ ਜੀ ਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।

ਡਾਇਰੈਕਟਰ ਯੋਜਨਾ

ਪਿੱਠ ਅੰਕਣ ਨੰ:10-ਪਸਪਬ-ਡ.ਡ(ਸ਼ਜ)2020-21/ 2922-2929 ਮਿਤੀ: 21/7/2020

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਪ੍ਰਮੁੱਖ ਸਕੱਤਰ ਵਿੱਤ, ਵਿੱਤ ਵਿਭਾਗ, ਪੰਜਾਬ।
2. ਡਾਇਰੈਕਟਰ, ਖਜ਼ਾਨਾ ਅਤੇ ਲੇਖਾ, ਵਿੱਤ ਵਿਭਾਗ, ਪੰਜਾਬ, ਚੰਡੀਗੜ੍ਹ।
3. ਡਾਇਰੈਕਟਰ-ਕਮ-ਸੰਯੁਕਤ ਸਕੱਤਰ, ਸ਼ਡਿਊਲਡ ਕਾਸਟਸ ਸਬ ਪਲਾਨ, ਭਲਾਈ ਵਿਭਾਗ।